English Translation of Circular No. PBIP/EoDB/2016/1535 Dated: 29/06/2016

# Government of Punjab
# Department of Investment Promotion

## CIRCULAR

**PBIP/EoDB/2016/1553**
**Dated: 29/06/2016**

To ensure better administration for enactment of new Acts/Rules/Notification, the State Government intends to invite public suggestions before finalization of such notifications. Therefore, all the Administrative Secretaries are informed to adopt the following procedure for finalization of departmental notification relating to Industries & Commerce.

1. The proposed draft document shall be published on the departmental websites for inviting public comments.
2. All these suggestions/comments shall be compiled and made available in public domain on the departmental websites.
3. The methodology adopted for incorporating these suggestions/comments before finalisation of these notifications.

s/d
**Additional Chief Secretary**

**Endst No.:** PBIP/EoDB/2016/ **Date:** 29/06/2016

A copy of above is forwarded to all the administrative Secretaries of Government of Punjab for information and necessary action.

s/d
**Additional Chief Secretary**

ਪੰਜਾਬ ਸਰਕਾਰ
ਪੂੰਜੀ ਨਿਵੇਸ਼ ਪ੍ਰੋਤਸਾਹਨ ਵਿਭਾਗ

ਨੰ: ਪੀ.ਬੀ.ਆਈ.ਪੀ./ਈ.ਓ.ਡੀ.ਵੀ./2016/1553 ਮਿਤੀ: 29 ਜੂਨ 2016

## ਗਸ਼ਤੀ ਪੱਤਰ

ਰਾਜ ਸਰਕਾਰ ਵਧੀਆ ਪ੍ਰਸਾਸਨ ਉਪਲਬਧ ਕਰਾਉਣ ਦੇ ਮਨੋਰਥ ਨਾਲ ਸਰਕਾਰੀ ਵਿਭਾਗਾਂ ਵੱਲੋਂ ਨਿਯਮਾਂ ਨੂੰ ਜਾਰੀ ਕਰਨ ਤੋਂ ਪਹਿਲਾਂ ਵੱਖ-ਵੱਖ ਪੱਧਰ ਤੇ ਆਮ ਜਨਤਾ ਤੋਂ ਸੁਝਾਅ ਪ੍ਰਾਪਤ ਕਰਨਾ ਚਾਹੁੰਦੀ ਹੈ। ਇਸ ਮੰਤਵ ਲਈ ਸਾਰੇ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਵਿਭਾਗ ਵੱਲੋਂ ਉਦਯੋਗਿਕ ਅਤੇ ਵਪਾਰਿਕ ਗਤੀਵਿਧੀਆਂ ਸਬੰਧੀ ਜਾਰੀ ਕੀਤੇ ਜਾਣ ਵਾਲੇ ਸਮੂਹ ਅਧਿਨਿਯਮਾਂ ਬਾਰੇ ਹੇਠ ਅਨੁਸਾਰ ਵਿਧੀ ਅਪਣਾਈ ਜਾਵੇ:-

1. ਅਧਿਸੂਚਿਤ ਕਰਨ ਤੋਂ ਪਹਿਲਾਂ ਉਸ ਅਧਿਸੂਚਨਾ ਦਾ ਖਰੜਾ ਵਿਭਾਗ ਦੀ ਵੈਬਸਾਈਟ ਤੇ ਪ੍ਰਦਰਸ਼ਿਤ ਕਰਕੇ ਆਮ ਜਨਤਾ ਤੋਂ ਸੁਝਾਅ ਅਤੇ ਟਿਪਣੀਆਂ ਪ੍ਰਾਪਤ ਕੀਤੀਆਂ ਜਾਣ।

2. ਪ੍ਰਾਪਤ ਹੋਏ ਸਾਰੇ ਸੁਝਾਵਾਂ ਅਤੇ ਟਿੱਪਣੀਆਂ ਨੂੰ ਇਕੱਤਰ ਕਰਕੇ ਵਿਭਾਗੀ ਵੈਬਸਾਈਟ ਉੱਤੇ ਪ੍ਰਦਰਸ਼ਿਤ ਕੀਤਾ ਜਾਵੇ।

3. ਇਹ ਵੀ ਸਪੱਸ਼ਟ ਕੀਤਾ ਜਾਵੇ ਕਿ ਅਧਿਸੂਚਿਤ ਅਧਿਨਿਯਮਾਂ ਵਿੱਚ ਇਨ੍ਹਾਂ ਸੁਝਾਵਾਂ ਅਤੇ ਟਿੱਪਣੀਆਂ ਨੂੰ ਕਿਵੇਂ ਅਪਣਾਇਆ ਗਿਆ ਹੈ।

KM
ਵਧੀਕ ਮੁੱਖ ਸਕੱਤਰ

ਨੰ: ਪੀ.ਬੀ.ਆਈ.ਪੀ../ਈ.ਓ.ਡੀ.ਵੀ./2016/1553-1598 ਮਿਤੀ: 29 ਜੂਨ 2016

ਇਸ ਦਾ ਇੱਕ ਉਤਾਰਾ ਪੰਜਾਬ ਸਰਕਾਰ ਦੇ ਸਮੂਹ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

KM
ਵਧੀਕ ਮੁੱਖ ਸਕੱਤਰ